ਲੋਕ ਆਵਾਜ਼
ਪੰਜਾਬੀ ਟ੍ਰਿਬਿਊਨ
ਮੰਗਲਵਾਰ, 23 ਸਤੰਬਰ 2025 

# ਲਾਅ ਯੂਨੀਵਰਸਿਟੀ 'ਚ ਦੋ ਰੋਜ਼ਾ ਸੰਮੇਲਨ

**ਪੱਤਰ ਪ੍ਰੇਰਕ**
**ਪਟਿਆਲਾ, 22 ਸਤੰਬਰ**

ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟ੍ਰੇਸ਼ਨ (ਮਗਸੀਪਾ) ਚੰਡੀਗੜ੍ਹ ਦੇ ਡਾਇਰੈਕਟਰ ਜਨਰਲ ਤੇ ਵਿਸ਼ੇਸ਼ ਮੁੱਖ ਸਕੱਤਰ ਅਨੀਰੁੱਧ ਤਿਵਾੜੀ ਨੇ ਕਿਹਾ ਕਿ ਭਾਰਤ ਵਿਸ਼ਵ ਦੀ ਸਭ ਤੋਂ ਤੇਜ਼ੀ ਨਾਲ ਤਰੱਕੀ ਕਰਨ ਵਾਲੀ ਅਰਥਵਿਵਸਥਾ ਹੈ। ਉਹ ਇੱਥੇ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਵੱਲੋਂ ਕਰਵਾਏ ਦੋ ਰੋਜ਼ਾ ਕੌਮੀ ਸੈਮੀਨਾਰ 'ਸੀਜ਼ਨਜ਼ ਆਫ਼ ਲਾਈਫ਼' ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ। ਉਨ੍ਹਾਂ ਕਿਹਾ ਕਿ ਜੇਕਰ ਬਜ਼ੁਰਗਾਂ ਦਾ ਤਜਰਬੇ ਤੇ ਸਿਆਣਪ ਅਤੇ ਨੌਜਵਾਨਾਂ ਦੀ ਤਾਕਤ ਇਕੱਠੀ ਕਰੀਏ ਤਾਂ ਭਾਰਤ ਵਿਸ਼ਵ ਸ਼ਕਤੀ ਬਣੇਗਾ। ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਸੋਸ਼ਲ ਡਿਫੈਂਸ ਦੇ ਸਾਂਝੇ ਯਤਨਾਂ ਨਾਲ ਕਰਵਾਏ ਇਸ ਸੰਮੇਲਨ ਦੌਰਾਨ ਅਨੀਰੁੱਧ ਤਿਵਾੜੀ ਨੇ ਕਿਹਾ ਕਿ ਉਮਰ ਕਿਸੇ ਵੀ ਕੰਮ ਵਿੱਚ ਰੁਕਾਵਟ ਨਹੀਂ। ਇਸ ਦੌਰਾਨ ਯੂਨੀਵਰਸਿਟੀ ਵੱਲੋਂ ਬਜ਼ੁਰਗਾਂ ਨੂੰ ਸੰਮੇਲਨ ਦੌਰਾਨ ਸਨਮਾਨਿਤ ਕੀਤਾ ਗਿਆ। ਸੈਮੀਨਾਰ ਦੀ ਅਗਵਾਈ ਰਾਜੀਵ ਗਾਂਧੀ ਰਾਸ਼ਟਰੀ ਕਾਨੂੰਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋਫੈਸਰ (ਡਾਕਟਰ) ਜੈ ਸ਼ੰਕਰ ਸਿੰਘ ਨੇ ਕੀਤੀ। ਸੈਮੀਨਾਰ ਦੀ ਪ੍ਰਬੰਧਕ ਡਾ. ਜਸਲੀਨ ਕੇਵਲਾਨੀ ਨੇ ਕਿਹਾ ਨੇ ਕਿਹਾ ਕਿ ਸਿਰਫ਼ ਬਜ਼ੁਰਗ ਹੋ ਜਾਣਾ ਉਪਲਬਧੀ ਨਹੀਂ, ਅਸਲ ਗੱਲ ਇਹ ਹੈ ਕਿ ਆਪਣੇ ਅਨੁਭਵ ਨਾਲ ਨੌਜਵਾਨ ਪੀੜ੍ਹੀ ਨੂੰ ਕਿਵੇਂ ਰਾਹ ਦਿਖਾਇਆ ਜਾਵੇ।

ਪੰਜਾਬ ਦੀ ਆਵਾਜ਼

ਅਜੀਤ

ਸੋਮਵਾਰ, 22 ਸਤੰਬਰ 2025



# ਭਾਰਤ ਬਜ਼ੁਰਗਾਂ ਦੀ ਸਿਆਣਪ ਤੇ ਨੌਜਵਾਨਾਂ ਦੀ ਤਾਕਤ ਨਾਲ ਹੀ ਬਣੇਗਾ ਵਿਸ਼ਵ ਸ਼ਕਤੀ-ਅਨੀਰੁਧ ਤਿਵਾੜੀ

## ਲਾਅ ਯੂਨੀਵਰਸਿਟੀ 'ਚ ਨੈਟਕਾਨ-25 'ਸੀਜ਼ਨਜ਼ ਆਫ਼ ਲਾਈਫ਼' ਵਲੋਂ ਦੋ ਦਿਨਾਂ ਰਾਸ਼ਟਰੀ ਸੰਮੇਲਨ

ਪਟਿਆਲਾ, 21 ਸਤੰਬਰ (ਗੁਰਵਿੰਦਰ ਸਿੰਘ ਔਲਖ)-ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟ੍ਰੇਸ਼ਨ, (ਮਗਸੀਪਾ) ਚੰਡੀਗੜ੍ਹ ਦੇ ਡਾਇਰੈਕਟਰ ਜਨਰਲ ਤੇ ਸਕੱਤਰ ਅਨੀਰੁੱਧ ਤਿਵਾੜੀ ਨੇ ਕਿਹਾ ਹੈ ਕਿ ਸਾਡਾ ਦੇਸ਼ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਤਰੱਕੀ ਕਰਨ ਵਾਲੀ ਅਰਥਵਿਵਸਥਾ ਹੈ। ਉਨ੍ਹਾਂ ਇਥੇ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ (ਆਰ. ਜੀ. ਐਨ. ਯੂ. ਐਲ.) ਵਲੋਂ ਕਰਵਾਏ ਦੋ ਦਿਨਾਂ ਰਾਸ਼ਟਰੀ ਸੰਮੇਲਨ 'ਸੀਜ਼ਨਜ਼ ਆਫ਼ ਲਾਈਫ਼' 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕਿਹਾ ਕਿ ਜੇ ਅਸੀਂ ਬਜ਼ੁਰਗਾਂ ਦੇ ਤਜਰਬੇ ਤੇ ਸਿਆਣਪ ਅਤੇ ਨੌਜਵਾਨਾਂ ਦੀ ਤਾਕਤ ਨਾਲ ਜੋੜੀਏ, ਤਾਂ ਭਾਰਤ ਵਿਸ਼ਵ ਸ਼ਕਤੀ ਬਣੇਗਾ। ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਤੇ ਨੈਸ਼ਨਲ ਇੰਸਟੀਚਿਊਟ ਆਫ਼ ਸੋਸ਼ਲ ਡਿਫੈਂਸ ਦੇ ਸਾਂਝੇ ਯਤਨਾਂ ਨਾਲ ਕਰਵਾਏ। ਸੰਮੇਲਨ ਦੌਰਾਨ ਅਨੀਰੁੱਧ ਤਿਵਾੜੀ ਨੇ ਕਿਹਾ ਕਿ ਉਮਰ ਕਿਸੇ ਵੀ ਕੰਮ ਵਿਚ ਰੁਕਾਵਟ ਨਹੀਂ। ਉਨ੍ਹਾਂ ਕਿਹਾ ਕਿ ਨੋਬਲ ਇਨਾਮ ਜੇਤੂਆਂ ਦੀ ਉਮਰ ਵੀ ਵਧ ਰਹੀ ਹੈ, ਖੁਸ਼ ਰਹਿਣ ਦਾ ਰਾਜ਼ ਸਿਆਣਪ ਤੇ ਤਾਕਤ ਦਾ ਸੰਤੁਲਨ ਹੈ। ਸ੍ਰੀ ਤਿਵਾੜੀ ਨੇ ਦੱਸਿਆ ਕਿ ਭਾਰਤ ਸਭ ਤੋਂ ਪੁਰਾਣੀਆਂ ਸਭਿਆਚਾਰਾਂ ਵਿਚੋਂ ਇਕ ਹੈ ਤੇ ਨਾਲ ਹੀ ਨੌਜਵਾਨ ਦੇਸ਼ ਵੀ ਹੈ। ਸਾਡੇ ਦੇਸ਼ ਦੀ 64 ਫ਼ੀਸਦੀ ਆਬਾਦੀ 15 ਤੋਂ 35 ਸਾਲ ਦੀ ਹੈ ਜਦ ਕਿ 6 ਫ਼ੀਸਦੀ ਬਜ਼ੁਰਗ ਹਨ, ਜੇਕਰ ਦੋਵਾਂ ਪੀੜ੍ਹੀਆਂ ਨੂੰ ਇਕੱਠਾ ਕੀਤਾ ਜਾਵੇ, ਤਾਂ ਭਾਰਤ ਜਲਦੀ ਹੀ ਵਿਕਸਿਤ ਦੇਸ਼ ਬਣੇਗਾ। ਆਰ. ਜੀ. ਐਨ. ਯੂ. ਐਲ. ਵਲੋਂ ਬਜ਼ੁਰਗਾਂ ਨੂੰ ਸੰਮੇਲਨ ਦੌਰਾਨ ਸਨਮਾਨਿਤ ਕੀਤਾ। ਸੈਮੀਨਾਰ ਦੀ ਅਗਵਾਈ ਰਾਜੀਵ ਗਾਂਧੀ ਰਾਸ਼ਟਰੀ ਕਾਨੂੰਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋਫੈਸਰ (ਡਾਕਟਰ) ਜੈ ਸ਼ੰਕਰ ਸਿੰਘ ਨੇ ਕੀਤੀ। ਸੈਮੀਨਾਰ ਦੀ ਪ੍ਰਬੰਧਕ ਡਾ. ਜਸਲੀਨ ਕੇਵਲਾਨੀ ਨੇ ਕਿਹਾ ਕਿ ਸਿਰਫ਼ ਬਜ਼ੁਰਗ ਹੋ ਜਾਣਾ ਉਪਲਬਧੀ ਨਹੀਂ, ਅਸਲ ਗੱਲ ਇਹ ਹੈ ਕਿ ਆਪਣੇ ਅਨੁਭਵ ਨਾਲ ਨੌਜਵਾਨ ਪੀੜ੍ਹੀ ਨੂੰ ਕਿਵੇਂ ਰਾਹ ਦਿਖਾਇਆ ਜਾਵੇ। ਸੰਮੇਲਨ 'ਚ ਸਰਕਾਰੀ ਮੈਡੀਕਲ ਕਾਲਜ ਦੇ ਛਾਤੀ ਰੋਗਾਂ ਦੇ ਮਾਹਿਰ ਡਾ. ਵਿਸ਼ਾਲ ਚੋਪੜਾ ਤੇ ਲਾਅ ਟੀਚਰਜ਼ ਇੰਡੀਆ ਡਾ. ਕਲਪੇਸ਼ ਗੁਪਤਾ ਨੇ ਵੀ ਆਪਣੇ ਵਿਚਾਰ ਰੱਖੇ। ਡਾ. ਤਨਿਆ ਸੇਂਗੁਪਤਾ ਤੇ ਅਨੁਮੋਲ ਮੈਥਿਊ (ਰਾਸ਼ਟਰੀ ਸਮਾਜਿਕ ਸੁਰੱਖਿਆ ਸੰਸਥਾ), ਅਤੇ ਮਨਮੋਹਨ ਵਰਮਾ, ਕਾਨੂੰਨ ਅਧਿਕਾਰੀ-ਰਾਸ਼ਟਰੀ ਮਹਿਲਾ ਆਯੋਗ, ਰਜਿਸਟਰਾਰ ਡਾ. ਇਵਨੀਤ ਵਾਲੀਆ ਨੇ ਵੀ ਸੰਬੋਧਨ ਕੀਤਾ। ਵਿਦਿਆਰਥੀ ਕਨਵੀਨਰਾਂ ਦਕਸ਼ ਖੰਨਾ ਤੇ ਸੀਆ ਪੰਡਿਤਾ ਨੇ ਨੇ ਦੱਸਿਆ ਕਿ ਇਸ ਸੰਮੇਲਨ ਵਿਚ 177 ਰਿਸਰਚ ਪੇਪਰ ਭਾਰਤ ਨਾਲ-ਨਾਲ ਸ੍ਰੀਲੰਕਾ, ਬੰਗਲਾਦੇਸ਼, ਮਾਲਦੀਵ ਅਤੇ ਇੰਡੋਨੇਸ਼ੀਆ ਦੇ ਲੇਖਕਾਂ ਵਲੋਂ ਵੀ ਪੇਸ਼ ਕੀਤੇ ਗਏ।



ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ ਵਿਖੇ ਅਨੀਰੁੱਧ ਤਿਵਾੜੀ ਤੇ ਸਟਾਫ ਮੈਂਬਰ। ਅਜੀਤ ਤਸਵੀਰ

भारत में 1.17 करोड़ से अधिक पाठक (IRS 2019) PUNJAB KESARI LUDHIANA

पंजाब केसरी

सोमवार MONDAY 22 सितम्बर 2025 IV

# भारत बुजुर्गों के अनुभव और युवाओं की ताकत से ही बनेगा विश्व शक्ति : अनिरुद्ध तिवारी

## लॉ यूनिवर्सिटी में नेटकॉन-25 "सीजन्स ऑफ लाइफ" द्वारा 2 दिवसीय राष्ट्रीय सम्मेलन का आयोजन



विद्यार्थियों को सम्मानित करते हुए मुख्यातिथि अनिरुद्ध तिवारी और विश्वविद्यालय के वाइस चांसलर। (सुंदर)

पटियाला, 21 सितम्बर (राजेश पंजौला) : महात्मा गांधी स्टेट इंस्टीच्यूट ऑफ पब्लिक एडमिनिस्ट्रेशन (एस.जी.एस.आई.पी.ए.) चंडीगढ़ के डायरैक्टर जनरल एवं विशेष मुख्य सचिव अनिरुद्ध तिवारी ने कहा है कि हमारा देश भारत दुनिया की सबसे तेजी से बढ़ती हुई अर्थव्यवस्था है।

उन्होंने यहां राजीव गांधी नैशनल यूनिवर्सिटी ऑफ लॉ द्वारा आयोजित 2 दिन के राष्ट्रीय सम्मेलन "सीज़न्स ऑफ लाइफ" में मुख्यातिथि के रूप में शामिल होते हुए कहा कि अगर हम बुजुर्गों के अनुभव और बुद्धिमानी को युवाओं की ताकत से जोड़ें तो भारत विश्व शक्ति बनेगा।

केंद्रीय सामाजिक न्याय मंत्रालय और नैशनल इंस्टीच्यूट ऑफ सोशल डिफैंस के संयुक्त प्रयासों से आयोजित इस सम्मेलन में अनिरुद्ध तिवारी ने कहा कि उम्र किसी भी काम में रुकावट नहीं है। नोबेल पुरस्कार विजेताओं की उम्र भी बढ़ती जा रही है। खुश रहने का राज बुद्धिमानी और ताकत का संतुलन है।

गीता का हवाला देते हुए उन्होंने कहा कि बुजुर्गों को अपनी सेहत का ध्यान रखना चाहिए, ताकि वे युवाओं के लिए राह-दर्शक बन सकें। भारत दुनिया की सबसे पुरानी सभ्यताओं में से एक है और साथ ही सबसे युवा देश भी है। हमारे देश की 64 प्रतिशत आबादी 15 से 35 वर्ष की आयु के बीच है जबकि 6 प्रतिशत बुजुर्ग हैं। अगर दोनों पीढ़ियों को एक साथ लाया जाए तो भारत जल्द ही विकसित देश बनेगा।

रूसी सामाजिक एवं मूल भौतिक विज्ञान अकादमी, मॉस्को के प्रोफैसर संजय तिवारी ने खेलों को बुजुर्गों की खुशी बढ़ाने का साधन बताते हुए कहा कि समाज को पीढ़ियों के बीच का फासला कम करना चाहिए।

सामाजिक न्याय मंत्रालय और अन्य संस्थाओं के अधिकारियों ने भी अपने संदेश भेजे और बुजुर्गों के लिए सरकार की चल रही योजनाओं के बारे में जानकारी दी। बुजुर्गों को सम्मेलन के दौरान सम्मानित किया गया।

सैमीनार की अध्यक्षता राजीव गांधी नैशनल यूनिवर्सिटी ऑफ लॉ के उपकुलपति प्रोफैसर (डॉ.) जय शंकर सिंह ने की।

सैमीनार की आयोजक और संयोजक डॉ. जसलीन केवलानी ने कहा कि केवल बुजुर्ग होना उपलब्धि नहीं है, बल्कि असली बात यह है कि अपने अनुभव से युवाओं को कैसे राह दिखाई जाए।

सम्मेलन में सरकारी मैडीकल कॉलेज के छाती रोग विशेषज्ञ डॉ. विशाल चोपड़ा और लॉ टीचर्स इंडिया के डॉ. कल्पेश गुप्ता ने भी अपने विचार रखे। डॉ. तन्या सेनगुप्ता और अनुपम मैथ्यू (राष्ट्रीय सामाजिक सुरक्षा संस्था), तथा मनमोहन वर्मा, कानून अधिकारी – राष्ट्रीय महिला आयोग, रजिस्ट्रार डॉ. इवनीत वालिया ने भी संबोधित किया।

छात्र संयोजक दक्ष खन्ना और सी.ए. पंडिता ने बताया कि इस सम्मेलन में कुल 177 शोध पत्र भारत के साथ-साथ श्रीलंका, बांग्लादेश, मालदीव और इंडोनेशिया के लेखकों द्वारा भी प्रस्तुत किए गए।